# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

ਦਫਤਰੀ ਹੁਕਮ ਨੰਬਰ **06** /ਡੀ.ਐਸ.ਆਈ.-162 ਮਿਤੀ:-**07.02.2013**

ਇਸ ਦਫਤਰ ਦੇ ਦਫਤਰੀ ਹੁਕਮ ਨੰਬਰ 17/ਡੀ.ਐਸ.ਆਈ.-162 ਮਿਤੀ 07-12-2012 ਦੀ ਲਗਾਤਾਰਤਾ ਵਿੱਚ ਸ੍ਰੀਮਤੀ ਕਮਲੇਸ਼ ਕੁਮਾਰੀ ਹੇਠਲੀ ਸ੍ਰੇਣੀ ਕਲਰਕ ਜੋ ਕਿ ਸੀਨੀਅਰ ਕਾਰਜਕਾਰੀ ਇੰਜੀਨੀਅਰ, ਸੰਚਾਲਣ ਮੰਡਲ,ਪੰ:ਰਾ:ਪਾ:ਕਾ:ਲਿਮ:, ਰੋਪੜ ਵਿਖੇ ਤੈਨਾਤ ਸੀ, ਨੂੰ ਜਾਰੀ ਕਾਰਨ ਦੱਸੋ ਨੋਟਿਸ ਨੰਬਰ 05 ਮਿਤੀ 05.07.2012 ਦਾ ਫੈਸਲਾ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਉਸ ਦੀ ਇੱਕ ਸਾਲਾਨਾ ਤਰੱਕੀ ਬਿਨ੍ਹਾਂ ਭਵਿੱਖੀ ਅਸਰ ਬੰਦ ਕਰਨ ਦੇ ( ਇਹ ਸਜ਼ਾ 2 ਸਾਲਾਂ ਲਈ ਪ੍ਰੀਖਿਆ ਦੇਣ ਤੋਂ ਡੀ-ਬਾਰ ਕਰਨ ਦੀ ਸਜ਼ਾ ਤੋ ਇਲਾਵਾ ਹੋਵੇਗੀ) ਹੁਕਮ ਜਾਰੀ ਕੀਤੇ ਗਏ ਸਨ, ਪਰ ਉਸ ਸਮੇਂ ਕਰਮਚਾਰਨ ਦੇ ਮੁਅੱਤਲੀ ਸਮੇ ਨੂੰ ਨਿਯਮਿਤ ਕਰਨ ਦਾ ਫੈਸਲਾ ਨਹੀ ਕੀਤਾ ਗਿਆ ਸੀ।

ਕਰਮਚਾਰਨ ਦਾ ਮੁਅੱਤਲੀ ਸਮਾ ਨਿਯਮਿਤ ਕਰਨ ਲਈ ਕੇਸ ਸਮਰੱਥ ਅਧਿਕਾਰੀ ਜੀ ਨੂੰ ਮੁੜ ਪੇਸ਼ ਕੀਤਾ ਗਿਆ, ਜਿਸ ਨੂੰ ਵਿਚਾਰਦੇ ਹੋਏ ਕਰਮਚਾਰਨ ਦੀ ਮੁਅੱਤਲੀ ਕਰਕੇ ਇਸ ਦਾ ਕਾਰਨ ਦੱਸੋ ਨੋਟਿਸ ਨਾਲ ਸਬੰਧਿਤ ਜਿੰਨਾ ਸਮਾਂ ਵੀ ਹੋਵੇ ਨੂੰ ਬਣਦੀ ਕਿਸਮ ਦੀ ਛੁੱਟੀ **(Leave of the kind due)** ਮੰਨਕੇ ਨਿਯਮਿਤ ਕਰਨ ਦੇ ਹੁਕਮ ਕੀਤੇ ਹਨ।

ਇਸ ਤਰ੍ਹਾਂ ਸਮਰੱਥ ਅਧਿਕਾਰੀ ਜੀ ਵੱਲੋਂ ਦਿੱਤੇ ਹੁਕਮਾਂ ਅਨੁਸਾਰ ਕਰਮਚਾਰਨ ਦਾ ਉਕਤ ਕਾਰਨ ਦੱਸੋ ਨੋਟਿਸ ਨਾਲ ਸਬੰਧਿਤ ਜਿਨਾਂ ਵੀ ਮੁਅੱਤਲੀ ਸਮਾਂ ਹੋਵੇ ਨੂੰ ਬਣਦੀ ਕਿਸਮ ਦੀ ਛੁੱਟੀ **(Leave of the kind due)** ਮੰਨਕੇ ਨਿਯਮਿਤ ਕਰਨ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ।

ਉਪ ਸਕੱਤਰ/ਇੰਨਕੁਅਰੀ,
ਪੰ:ਰਾ:ਪਾ:ਕਾ:ਲਿਮ:,ਪਟਿਆਲਾ।

ਪਿੰਠ ਅੰਕਣ ਨੰਬਰ/- **130/136** ਮਿਤੀ:-**07.02.2013**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਇਸ ਦਫਤਰ ਦੇ ਦਫਤਰੀ ਪਿੰਠ ਅੰਕਣ ਨੰਬਰ 1453/59/ਡੀ.ਐਸ.ਆਈ./ਡੀ-162 ਮਿਤੀ 07.12.2012 ਦੀ ਲਗਾਤਾਰਤਾ ਵਿੱਚ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1) ਪ੍ਰਮੁੱਖ ਇੰਜੀਨੀਅਰ/ਐਚ.ਆਰ.ਡੀ., ਪੀ.ਐਸ.ਪੀ.ਸੀ.ਐਲ., ਪਟਿਆਲਾ।
2) ਮੁੱਖ ਇੰਜੀਨੀਅਰ/ਸੰਚਾਲਣ (ਦੱਖਣ) ਸ਼ਕਤੀ ਵਿਹਾਰ, ਪੀ.ਐਸ.ਪੀ.ਸੀ.ਐਲ., ਪਟਿਆਲਾ।
3) ਨਿਗਰਾਨ ਇੰਜੀਨੀਅਰ/ਸੰਚਾਲਣ ਹਲਕਾ, ਪੀ.ਐਸ.ਪੀ.ਸੀ.ਐਲ., ਰੋਪੜ।
4) ਸੀਨੀਅਰ ਕਾਰਜਕਾਰੀ ਇੰਜੀਨੀਅਰ, ਸੰਚਾਲਣ ਮੰਡਲ, ਪੀ.ਐਸ.ਪੀ.ਸੀ.ਐਲ, ਰੋਪੜ।
5) ਸੰਯੁਕਤ ਸਕੱਤਰ/ਸੇਵਾਵਾਂ-3, ਪੀ.ਐਸ.ਪੀ.ਸੀ.ਐਲ., ਪਟਿਆਲਾ।
6) ਸੁਪਰਡੈਂਟ ਪ੍ਰੀਖਿਆ ਸ਼ਾਖਾ, ਪੀ.ਐਸ.ਪੀ.ਸੀ.ਐਲ, ਪਟਿਆਲਾ।
7) ਸ੍ਰੀਮਤੀ ਕਮਲੇਸ਼ ਕੁਮਾਰੀ ਹੇ:ਸ੍ਰੇ:ਕ: ਮਾਰਫਤ/ ਸੀਨੀਅਰ ਕਾਰਜਕਾਰੀ ਇੰਜੀਨੀਅਰ, ਸੰਚਾਲਣ ਮੰਡਲ, ਪੀ.ਐਸ.ਪੀ.ਸੀ.ਐਲ. ਰੋਪੜ।

ਉਪ ਸਕੱਤਰ/ਇੰਨਕੁਅਰੀ,
ਪੰ:ਰਾ:ਪਾ:ਕਾ:ਲਿਮ, ਪਟਿਆਲਾ।